# ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ

(ਫੁਟਕਲ ਸ਼ਾਖਾ)

ਹੁਕਮ:-

ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ ਵੱਲੋਂ ਪੱਤਰ ਨੰ:67 ਮਿਤੀ 27.06.2017 ਰਾਹੀਂ ਡਾਇਰੈਕਟਰ ਜਨਰਲ, ਬੀ.ਐਸ.ਐਫ., ਗੁਰਦਾਸਪੁਰ ਦੇ ਪੱਤਰ ਦਾ ਹਵਾਲਾ ਦਿੰਦੇ ਹੋਏ ਪੁਲਿਸ ਸਟੇਸ਼ਨ ਦੀਨਾਨਗਰ ਅਤੇ ਏਅਰ ਫੋਰਸ ਸਟੇਸ਼ਨ, ਪਠਾਨਕੋਟ ਵਿੱਚ ਹੋਏ ਅੱਤਵਾਦੀ ਹਮਲਿਆਂ ਦੀਆਂ ਘਟਨਾਵਾਂ ਯਾਦ ਕਰਾਉਂਦੇ ਹੋਏ ਲਿਖਿਆ ਹੈ ਕਿ ਇਨ੍ਹਾਂ ਦੋਵੇਂ ਹਮਲਿਆਂ ਵਿੱਚ ਪਾਕਿਸਤਾਨ ਅਧਾਰਿਤ ਅੱਤਵਾਦੀ ਸਮੂਹਾਂ ਵੱਲੋਂ ਯੋਜਨਾਬੱਧ ਤਰੀਕੇ ਨਾਲ ਘਟਨਾਵਾ ਨੂੰ ਅੰਜਾਮ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਪਾਕਿਸਤਾਨ ਤੋਂ ਭਾਰਤ ਵਿੱਚ ਡਰੱਗਜ਼ ਦੀ ਤਸਕਰੀ ਵੀ ਵੱਡੀ ਚਿੰਤਾ ਦਾ ਵਿਸ਼ਾ ਹੈ। ਇਹ ਵੇਖਿਆ ਗਿਆ ਹੈ ਕਿ ਅਣਚਾਹੇ ਤੱਤਾਂ ਦੀ ਲਹਿਰ ਅਕਸਰ ਰਾਤ ਦੇ ਸਮੇਂ ਵਿੱਚ ਹੁੰਦੀ ਹੈ। ਇਸ ਲਈ ਘੁਸਪੈਠ, ਡਰੱਗਜ਼ ਦੀ ਤਸਕਰੀ ਅਤੇ ਸਰਹੱਦ ਤੇ ਹਰ ਕਿਸਮ ਦੀ ਦੇਸ਼ ਵਿਰੋਧੀ ਗਤੀਵਿਧੀ ਨੂੰ ਰੋਕਣ ਲਈ ਅੰਤਰਰਾਸ਼ਟਰੀ ਸਰਹੱਦ ਤੋਂ 1 ਕਿ:ਮੀ: ਦੇ ਘੇਰੇ ਅੰਦਰ ਧਾਰਾ 144 ਸੀ.ਆਰ.ਪੀ.ਸੀ. ਤਹਿਤ ਰਾਤ 08:00 ਵਜੇ ਤੋਂ ਅਗਲੀ ਸਵੇਰੇ 05:00 ਵਜੇ ਤੱਕ ਆਮ ਲੋਕਾਂ ਦੇ ਘੁੰਮਣ ਤੇ ਪਾਬੰਦੀ ਹੁਕਮ ਜਾਰੀ ਕੀਤਾ ਜਾਵੇ ਤਾਂ ਜੋ ਆਮ ਜਨਤਾ ਦੇ ਭੁਲੇਖੇ ਕੋਈ ਆਤੰਕੀ ਘੁਸਪੈਠ ਨਾ ਕਰ ਸਕੇ ਜਾਂ ਫਿਰ ਘੁਸਪੈਠੀਆਂ ਦੇ ਭੁਲੇਖੇ ਵਿੱਚ ਆਮ ਜਨਤਾ ਦਾ ਕੋਈ ਨੁਕਸਾਨ ਹੋ ਜਾਏ।

ਇਸ ਲਈ ਮੈਂ, ਗੁਰਪ੍ਰੀਤ ਸਿੰਘ ਖਹਿਰਾ, ਆਈ.ਏ.ਐਸ., ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ, ਫੋਜਦਾਰੀ ਸੰਘਤਾ 1973 (1974 ਦਾ ਐਕਟ ਨੰ:2) ਦੀ ਧਾਰਾ 144 ਸੀ.ਆਰ.ਪੀ.ਸੀ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਇਆ ਜ਼ਿਲ੍ਹਾ ਪਠਾਨਕੋਟ ਵਿਖੇ ਸਥਿਤ ਹਿੰਦ-ਪਾਕਿ ਅੰਤਰਰਾਸ਼ਟਰੀ ਸਰਹੱਦ ਤੋਂ 1 ਕਿ.ਮੀ. ਦੇ ਘੇਰੇ ਅੰਦਰ ਰਾਤ 08:00 ਵਜੇ ਤੋਂ ਅਗਲੀ ਸਵੇਰੇ 05:00 ਵਜੇ ਤੱਕ ਆਮ ਲੋਕਾਂ ਦੇ ਜਾਣ ਤੇ ਪਾਬੰਦੀ ਹੁਕਮ ਲਗਾਉਂਦਾ ਹਾਂ। ਇਹ ਹੁਕਮ ਬੀ.ਐਸ.ਐਫ., ਪੁਲਿਸ ਫ਼ੋਜ਼, ਸੀ.ਆਰ.ਪੀ.ਐਫ., ਹੋਮ ਗਾਰਡਜ਼ ਅਤੇ ਕੇਂਦਰੀ ਆਬਕਾਰੀ ਦੇ ਕਰਮਚਾਰੀਆਂ ਅਤੇ ਡਿਊਟੀ ਤੇ ਤਾਨਿਨਾਤ ਅਮਲੇ ਤੇ ਲਾਗੂ ਨਹੀਂ ਹੋਵੇਗਾ।

ਇਹ ਹੁਕਮ ਮਿਤੀ 21.06.2020 ਤੋਂ 20.08.2020 ਤੱਕ ਲਾਗੂ ਰਹੇਗਾ।

ਮਾਮਲੇ ਦੀ ਤਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫ਼ਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਂਦਾ ਹੈ। ਇਸ ਹੁਕਮ ਦਾ ਪ੍ਰਚਾਰ ਜ਼ਿਲ੍ਹਾ ਲੋਕ ਸੰਪਰਕ ਵਿਭਾਗ, ਪਠਾਨਕੋਟ ਵੱਲੋਂ ਪ੍ਰਿੰਟ/ਡੀਜੀਟਲ ਮੀਡੀਆ ਰਾਹੀਂ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਇਹ ਹੁਕਮ ਜ਼ਿਲ੍ਹਾ ਮੈਜਿਸਟਰੇਟ, ਸੀਨੀਅਰ ਪੁਲਿਸ ਕਪਤਾਨ, ਉਪ ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ, ਕਮਿਸ਼ਨਰ/ਕਾਰਜ ਸਾਧਕ ਅਫ਼ਸਰਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਦਫ਼ਤਰ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਮਿਤੀ 26/6/2020 ਨੂੰ ਜਾਰੀ ਹੋਇਆ।

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।

ਪਿੱਠ ਅੰਕਣ ਨੰ: ਐਮ.ਏ./ 4037 – 53 ਮਿਤੀ: 27/6/2020

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਗ੍ਰਹਿ ਵਿਭਾਗ, ਪੰਜਾਬ, ਚੰਡੀਗੜ੍ਹ।
3. ਵਿੱਤ ਕਮਿਸ਼ਨਰ (ਮਾਲ), ਪੰਜਾਬ, ਚੰਡੀਗੜ੍ਹ।
4. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
5. ਜ਼ਿਲ੍ਹਾ ਅਤੇ ਸੈਸ਼ਨ ਜੱਜ, ਪਠਾਨਕੋਟ/ਗੁਰਦਾਸਪੁਰ।
6. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
7. ਡਾਇਰੈਕਟਰ ਜਨਰਲ, ਬੀ.ਐਸ.ਐਫ., ਗੁਰਦਾਸਪੁਰ ਦੇ ਪੱਤਰ ਨੰ: 9089-92 ਮਿਤੀ 10.06.2017 ਦੇ ਸਬੰਧ।
8. ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰ ਕਲ੍ਹਾਂ।
9. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਪਠਾਨਕੋਟ।
10. ਜ਼ਿਲ੍ਹਾ ਵਿਕਾਸ ਅਤ ਪੰਚਾਇਤ ਅਫ਼ਸਰ, ਪਠਾਨਕੋਟ।
11. ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਪਠਾਨਕੋਟ ਨੂੰ ਆਮ ਲੋਕਾਂ ਵਿੱਚ ਪ੍ਰਚਾਰ ਕਰਨ ਹਿੱਤ ਭੇਜਿਆ ਜਾਂਦਾ ਹੈ।
12. ਤਹਿਸੀਲਦਾਰ/ ਨਾਇਬ ਤਹਿਸੀਲਦਾਰ ਪਠਾਨਕੋਟ /ਧਾਰ ਕਲ੍ਹਾਂ/ਬਮਿਆਲ /ਨਰੋਟ ਜੈਮਲ ਸਿੰਘ।
13. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਪਠਾਨਕੋਟ।
14. ਬੀ.ਡੀ.ਪੀ.ਓ., ਪਠਾਨਕੋਟ /ਬਮਿਆਲ/ਧਾਰ ਕਲ੍ਹਾਂ/ਨਰੋਟ ਜੈਮਲ ਸਿੰਘ/ਸੁਜਾਨਪੁਰ/ਘਰੋਟਾ।
15. ਕਮਾਂਡੈਂਟ, 132 ਬਟਾਲੀਅਨ, ਬੀ.ਐਸ.ਐਫ., ਮਾਧੋਪੁਰ
16. ਕਮਾਂਡਿੰਗ ਅਫ਼ਸਰ, ਸਟੇਸ਼ਨ ਹੈੱਡ ਕੁਆਰਟਰ, 21 ਸਬ ਏਰੀਆ, ਪਠਾਨਕੋਟ।
17. ਪੀ.ਏ ਟੂ ਜ਼ਿਲ੍ਹਾ ਮੈਜਿਸਟਰੇਟ, ਸਟੈਨੋ ਟੂ ਵਧੀਕ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ।

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।

ਦਫਤਰ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ

(ਫੁਟਕਲ ਸ਼ਾਖਾ)

ਹੁਕਮ:-

ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ ਵਲੋਂ ਪੱਤਰ ਨੰ: 19131/ਈ.ਬੀ., ਮਿਤੀ 01.08.2019 ਰਾਹੀਂ ਮਿਲਟਰੀ ਹੈੱਡਕੁਆਰਟਰ, 29 ਇੰਨਫੈਨਰੀ ਡਵੀਜਨ, ਮਮੂੰਨ ਦੇ ਪੱਤਰ ਦਾ ਹਵਾਲਾ ਦਿੰਦੇ ਹੋਏ ਦੱਸਿਆ ਹੈ ਕਿ Private Drones/Quadcopters ਦੀ ਵਰਤੋਂ ਮਿਲਟਰੀ ਸਟੇਸ਼ਨ/ਕੈਂਨਟੋਨਮੇਂਟ ਏਰੀਆ ਵਿੱਚ ਕਰਨਾ ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਹੈ। ਇਸ ਤੋਂ ਇਲਾਵਾ ਉਨ੍ਹਾਂ ਡਾਇਰੈਕਟੋਰੇਟ ਜਨਰਲ ਆਫ ਸਿਵਲ ਏਵੀਏਸ਼ਨ ਵਲੋਂ ਜਾਰੀ ਪੱਤਰ ਨੰ: 05-13/2014-AED, Vol IV ਮਿਤੀ 27.08.2018 ਰਾਹੀਂ ਹੇਠ ਲਿਖੇ ਅਨੁਸਾਰ ਲਿਖਿਆ ਗਿਆ ਹੈ, ਜੋ ਮਿਤੀ 01.12.2018 ਤੋਂ ਲਾਗੂ ਹੈ:-

(i) Each RPA (Remotely Piloted Aircraft) shall have a UIN (Unique Identification Number) by DGCA except those in Nano category intended to fly upto 50 feet.

(ii) UAOP (Unmanned Aircraft Operator Permit) is required by Operator from DGCA.

(iii) NO RPA (Remotely Piloted Aircraft) shall be flown:-

(a) Within a distance of 3 km from the perimeter of any civil, private or defence airports.

(b) Within 25 km from International Border.

(c) Within 3 km from perimeter of military installations/facilities.

(d) From a mobile platform such as a moving vehicle/aircraft/ship.

The violations are punishable under IPC 286, 336, 337, 338 or any other relevant section. ਇਸ ਕਰਕੇ ਜ਼ਿਲ੍ਹਾ ਪਠਾਨਕੋਟ ਅਧੀਨ ਆਮ ਲੋਕਾਂ ਵਲੋਂ RPA (Remotely Piloted Aircraft) ਦੀ ਵਰਤੋਂ ਕਰਨ ਸਬੰਧੀ ਰੋਕਥਾਮ ਲਈ ਹੁਕਮ ਜਾਰੀ ਕੀਤੇ ਜਾਣ ਜੀ।

ਇਸ ਲਈ ਮੈਂ, ਗੁਰਪ੍ਰੀਤ ਸਿੰਘ ਖਹਿਰਾ, ਆਈ.ਏ.ਐਸ., ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ, ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144-ਸੀ.ਆਰ.ਪੀ.ਸੀ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਠਾਨਕੋਟ ਵਿਖੇ ਸਥਿਤ ਅੰਤਰਰਾਸ਼ਟਰੀ ਬਾਰਡਰ ਦੇ 25 ਕਿਲੋਮੀਟਰ ਦੇ ਘੇਰੇ ਤੋਂ ਇਲਾਵਾ ਮਿਲਟਰੀ/ਏਅਰ ਫੋਰਸ ਸਟੇਸ਼ਨ/ਬੀ.ਐਸ.ਐਫ. ਜਾਂ ਹੋਰ ਸੁਰੱਖਿਆ ਏਜੰਸੀਆਂ ਦੇ 3 ਕਿਲੋਮੀਟਰ ਦੇ ਘੇਰੇ ਅੰਦਰ ਆਮ ਲੋਕਾਂ ਵਲੋਂ Private Drones/Quadcopters ਦੀ ਵਰਤੋਂ ਕਰਨ ਤੇ ਪਾਬੰਦੀ ਲਗਾਉਂਦਾ ਹਾਂ।

ਇਹ ਹੁਕਮ ਮਿਤੀ 15.06.2020 ਤੋਂ 14.08.2020 ਤੱਕ ਲਾਗੂ ਰਹੇਗਾ।

ਮਾਮਲੇ ਦੀ ਤਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫ਼ਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਂਦਾ ਹੈ। ਇਸ ਹੁਕਮ ਦਾ ਪ੍ਰਚਾਰ ਜ਼ਿਲ੍ਹਾ ਲੋਕ ਸੰਪਰਕ ਵਿਭਾਗ, ਪਠਾਨਕੋਟ ਵੱਲੋਂ ਪ੍ਰਿੰਟ/ਡੀਜੀਟਲ ਮੀਡੀਆ ਰਾਹੀਂ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਇਹ ਹੁਕਮ ਜ਼ਿਲ੍ਹਾ ਮੈਜਿਸਟਰੇਟ, ਸੀਨੀਅਰ ਪੁਲਿਸ ਕਪਤਾਨ, ਉਪ ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ, ਕਮਿਸ਼ਨਰ/ਕਾਰਜ ਸਾਧਕ ਅਫ਼ਸਰਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਦਫ਼ਤਰ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ। ਇਨ੍ਹਾਂ ਹੁਕਮਾਂ ਦੀ ਪਾਲਣਾ ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ ਵਲੋਂ ਕਰਵਾਈ ਜਾਣੀ ਯਕੀਨੀ ਬਣਾਈ ਜਾਵੇਗੀ।

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਮਿਤੀ 26/6/2020 ਨੂੰ ਜਾਰੀ ਹੋਇਆ।

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।

ਪਿੱਠ ਅੰਕਣ ਨੰ: ਐਮ.ਏ./ 4021-36 ਮਿਤੀ: 29/6/2020

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਗ੍ਰਹਿ ਵਿਭਾਗ, ਪੰਜਾਬ, ਚੰਡੀਗੜ੍ਹ।
3. ਵਿੱਤ ਕਮਿਸ਼ਨਰ (ਮਾਲ), ਪੰਜਾਬ, ਚੰਡੀਗੜ੍ਹ।
4. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
5. ਜ਼ਿਲ੍ਹਾ ਅਤੇ ਸੈਸ਼ਨ ਜੱਜ, ਪਠਾਨਕੋਟ/ਗੁਰਦਾਸਪੁਰ।
6. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
7. ਕਮਿਸ਼ਨਰ, ਨਗਰ ਨਿਗਮ, ਪਠਾਨਕੋਟ।
8. ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰ ਕਲ੍ਹਾਂ।
9. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਪਠਾਨਕੋਟ।
10. ਜ਼ਿਲ੍ਹਾ ਵਿਕਾਸ ਅਤ ਪੰਚਾਇਤ ਅਫ਼ਸਰ, ਪਠਾਨਕੋਟ।
11. ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਪਠਾਨਕੋਟ ਨੂੰ ਆਮ ਲੋਕਾਂ ਵਿੱਚ ਪ੍ਰਚਾਰ ਕਰਨ ਹਿੱਤ ਭੇਜਿਆ ਜਾਂਦਾ ਹੈ।
12. ਤਹਿਸੀਲਦਾਰ/ ਨਾਇਬ ਤਹਿਸੀਲਦਾਰ ਪਠਾਨਕੋਟ /ਧਾਰ ਕਲ੍ਹਾਂ/ਬਮਿਆਲ /ਨਰੋਟ ਜੈਮਲ ਸਿੰਘ।
13. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਪਠਾਨਕੋਟ।
14. ਕਾਰਜ ਸਾਧਕ ਅਫ਼ਸਰ, ਨਗਰ ਕੋਂਸਲ, ਸੁਜਾਨਪੁਰ।
15. ਕਾਰਜ ਸਾਧਕ ਅਫ਼ਸਰ, ਨਗਰ ਪੰਚਾਇਤ, ਨਰੋਟ ਜੈਮਲ ਸਿੰਘ।
16. ਪੀ.ਏ ਟੂ ਜ਼ਿਲ੍ਹਾ ਮੈਜਿਸਟਰੇਟ, ਸਟੈਨੋ ਟੂ ਵਧੀਕ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ।

DISTRICT MAGISTRATE * PATHANKOT *

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।

ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ
(ਫੁਟਕਲ ਸ਼ਾਖਾ)

ਹੁਕਮ:-

ਮੇਰੇ ਧਿਆਨ ਵਿੱਚ ਇਹ ਗੱਲ ਲਿਆਂਦੀ ਗਈ ਹੈ ਕਿ ਦੀਨਾਨਗਰ-ਤਾਰਾਗੜ੍ਹ-ਨਰੋਟ ਜੈਮਲ ਸਿੰਘ-ਫਤਹਿਪੁਰ-ਨਗਰੀ-ਕਠੂਆ ਰੋਡ ਉਪਰ ਭਾਰੀ ਗੱਡੀਆਂ, ਜੋ ਕਰੈਸ਼ਰ ਇੰਡਸਟਰੀ ਨਾਲ ਸਬੰਧਤ ਹਨ, ਦਾ ਆਉਣਾ-ਜਾਣਾ ਹੈ। ਜੇਕਰ ਇਹਨਾਂ ਭਾਰੀ ਗੱਡੀਆਂ ਦਾ ਇਸ ਰੋਡ ਤੇ ਇਸੇ ਤਰ੍ਹਾਂ ਹੀ ਆਉਣਾ-ਜਾਣਾ ਜਾਰੀ ਰਿਹਾ ਤਾਂ ਇਸ ਸੜਕ ਦੇ ਟੁੱਟ ਜਾਣ ਦਾ ਖਦਸ਼ਾ ਵੱਧ ਜਾਂਦਾ ਹੈ। ਜਿਸ ਕਾਰਨ ਕੋਈ ਵੱਡੀ ਘਟਨਾ ਵਾਪਰ ਸਕਦੀ ਹੈ।

ਇਸ ਮਸਲੇ ਦੀ ਗੰਭੀਰਤਾ ਨੂੰ ਮੁੱਖ ਰੱਖਦੇ ਹੋਏ ਉਪ ਮੰਡਲ ਮੈਜਿਸਟਰੇਟ, ਪਠਾਨਕੋਟ ਪਾਸੋਂ ਪ੍ਰਾਪਤ ਕੀਤੀ ਗਈ ਮੌਕੇ ਦੀ ਰਿਪੋਟ ਮਿਤੀ 14.09.2017 ਨੂੰ ਧਿਆਨ ਵਿੱਚ ਰੱਖਦੇ ਹੋਏ, ਮੈਂ ਗੁਰਪ੍ਰੀਤ ਸਿੰਘ ਖਹਿਰਾ, ਆਈ.ਏ.ਐਸ., ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ, ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦੀਨਾਨਗਰ-ਤਾਰਾਗੜ੍ਹ-ਨਰੋਟ ਜੈਮਲ ਸਿੰਘ-ਫਤਹਿਪੁਰ-ਨਗਰੀ-ਕਠੂਆ ਰੋਡ ਉਪਰ ਕਰੱਸ਼ਰ ਇੰਡਸਟਰੀ ਨਾਲ ਸਬੰਧਤ ਵਹੀਕਲਾਂ ਅਤੇ ਹੋਰ ਹੈਵੀ ਵਹੀਕਲ/ਟਰਾਲਿਆਂ ਨੂੰ ਸਵੇਰੇ 07:00 ਵਜੇ ਤੋਂ ਸਵੇਰੇ 08:30 ਵਜੇ ਤੱਕ ਅਤੇ ਬਾਅਦ ਦੁਪਹਿਰ 12:30 ਵਜੇ ਤੋਂ 02:30 ਵਜੇ ਤੱਕ ਚੱਲਣ ਤੇ ਪੂਰਨ ਪਾਬੰਦੀ ਲਗਾਉਂਦਾ ਹਾਂ ਅਤੇ ਬਾਅਦ ਦੁਪਹਿਰ 02:30 ਵਜੇ ਤੋਂ ਸ਼ਾਮ 07:00 ਵਜੇ ਤੱਕ ਕੇਵਲ ਕਰੱਸ਼ਰ ਨਾਲ ਸਬੰਧਤ ਭਰੀਆਂ ਗੱਡੀਆਂ ਦੇ ਚੱਲਣ ਤੇ ਪਾਬੰਦੀ ਲਗਾਉਂਦਾ ਹਾਂ।

ਮਾਮਲੇ ਦੀ ਤਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫ਼ਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਂਦਾ ਹੈ। ਇਸ ਹੁਕਮ ਦਾ ਪ੍ਰਚਾਰ ਜ਼ਿਲ੍ਹਾ ਲੋਕ ਸੰਪਰਕ ਵਿਭਾਗ, ਪਠਾਨਕੋਟ ਵੱਲੋਂ ਪ੍ਰਿੰਟ/ਡੀਜੀਟਲ ਮੀਡੀਆ ਰਾਹੀਂ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਇਹ ਹੁਕਮ ਜ਼ਿਲ੍ਹਾ ਮੈਜਿਸਟਰੇਟ, ਸੀਨੀਅਰ ਪੁਲਿਸ ਕਪਤਾਨ, ਉਪ ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ, ਕਮਿਸ਼ਨਰ/ਕਾਰਜ ਸਾਧਕ ਅਫ਼ਸਰਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਦਫ਼ਤਰ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਮਿਤੀ 21.06.2020 ਤੋਂ 20.08.2020 ਤੱਕ ਲਾਗੂ ਰਹੇਗਾ।

ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ ਇਹਨਾਂ ਹੁਕਮਾਂ ਦੀ ਪਾਲਣਾ ਕਰਵਾਉਣਾ ਯਕੀਨੀ ਬਣਾਉਣਗੇ। ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਮਿਤੀ 26/6/2020 ਨੂੰ ਜਾਰੀ ਹੋਇਆ।

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।

ਪਿੱਠ ਅੰਕਣ ਨੰ: ਐਮ.ਏ./ 4054-71 ਮਿਤੀ: 29/6/2020

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਗ੍ਰਹਿ ਵਿਭਾਗ, ਪੰਜਾਬ, ਚੰਡੀਗੜ੍ਹ।
3. ਵਿੱਤ ਕਮਿਸ਼ਨਰ (ਮਾਲ), ਪੰਜਾਬ, ਚੰਡੀਗੜ੍ਹ।
4. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
5. ਜ਼ਿਲ੍ਹਾ ਅਤੇ ਸੈਸ਼ਨ ਜੱਜ, ਪਠਾਨਕੋਟ/ਗੁਰਦਾਸਪੁਰ।
6. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
7. ਕਮਿਸ਼ਨਰ, ਨਗਰ ਨਿਗਮ, ਪਠਾਨਕੋਟ।
8. ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰ ਕਲ੍ਹਾਂ।
9. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਪਠਾਨਕੋਟ।
10. ਜ਼ਿਲ੍ਹਾ ਵਿਕਾਸ ਅਤ ਪੰਚਾਇਤ ਅਫ਼ਸਰ, ਪਠਾਨਕੋਟ।
11. ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਪਠਾਨਕੋਟ ਨੂੰ ਆਮ ਲੋਕਾਂ ਵਿੱਚ ਪ੍ਰਚਾਰ ਕਰਨ ਹਿੱਤ ਭੇਜਿਆ ਜਾਂਦਾ ਹੈ।
12. ਤਹਿਸੀਲਦਾਰ/ ਨਾਇਬ ਤਹਿਸੀਲਦਾਰ ਪਠਾਨਕੋਟ /ਧਾਰ ਕਲ੍ਹਾਂ/ਬਮਿਆਲ /ਨਰੋਟ ਜੈਮਲ ਸਿੰਘ।
13. ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭ ਤੇ ਮ), ਪਠਾਨਕੋਟ।
14. ਬੀ.ਡੀ.ਪੀ.ਓ., ਪਠਾਨਕੋਟ /ਬਮਿਆਲ/ਧਾਰ ਕਲ੍ਹਾਂ/ਨਰੋਟ ਜੈਮਲ ਸਿੰਘ/ਸੁਜਾਨਪੁਰ/ਘਰੋਟਾ।
15. ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਸੁਜਾਨਪੁਰ।
16. ਕਾਰਜ ਸਾਧਕ ਅਫ਼ਸਰ, ਨਗਰ ਸੁਧਾਰ ਟ੍ਰਸਟ, ਪਠਾਨਕੋਟ।
17. ਕਾਰਜ ਸਾਧਕ ਅਫ਼ਸਰ, ਨਗਰ ਪੰਚਾਇਤ, ਨਰੋਟ ਜੈਮਲ ਸਿੰਘ।
18. ਪੀ.ਏ ਟੂ ਜ਼ਿਲ੍ਹਾ ਮੈਜਿਸਟਰੇਟ, ਸਟੈਨੋ ਟੂ ਵਧੀਕ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ।

DISTRICT MAGISTRATE * PATHANKOT * सत्यमेव जयते

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।